# ਲੋਕਤੰਤਰ ਅਤੇ ਪਾਰਲੀਮੈਂਟ



LEGISLATIVE ASSEMBLY
*of* BRITISH COLUMBIA



# ਤਤਕਰਾ


| | |
|---|---|
| ਜਾਣ ਪਛਾਣ | 3 |
| ਪਾਰਲੀਮੈਂਟ | 3 |
| ਸਰਕਾਰ ਦੇ ਪੱਧਰ | 4 |
| ਕੈਨੇਡਾ ਦਾ ਨਕਸ਼ਾ | 6 |
| ਪਾਰਲੀਮਾਨੀ ਪ੍ਰਣਾਲੀ ਵਾਲੀ ਸਰਕਾਰ | 8 |
| ਮਹਾਰਾਣੀ ਅਤੇ ਉਨ੍ਹਾਂ ਦੇ ਨੁਮਾਇੰਦੇ | 13 |
| ਪ੍ਰਧਾਨ ਮੰਤਰੀ ਅਤੇ ਪ੍ਰੀਮੀਅਰ | 16 |
| ਕਾਰਜਕਾਰੀ ਕਾਉਂਸਲ | 18 |
| ਲੈਜਿਸਲੇਟਿਵ ਅਸੈਂਬਲੀ ਆਫ਼ ਬ੍ਰਿਟਿਸ਼ ਕੋਲੰਬੀਆ | 20 |
| ਸਪੀਕਰ | 24 |



## ਜਾਣ-ਪਛਾਣ

ਕੈਨੇਡਾ ਦਸ ਸੂਬਿਆਂ ਅਤੇ ਤਿੰਨ ਟੈਰੇਟੋਰੀਆਂ ਦੀ ਫ਼ੈਡਰੇਸ਼ਨ ਹੈ। ਬ੍ਰਿਟਿਸ਼ ਕੋਲੰਬੀਆ ਦਸ ਸੂਬਿਆਂ ਵਿੱਚੋਂ ਇੱਕ ਹੈ ਅਤੇ ਬ੍ਰਿਟਿਸ਼ ਕੋਲੰਬੀਆ ਦੀ ਵਿਧਾਨ ਸਭਾ ਇਸ ਦੀ ਕਾਨੂੰਨ ਬਣਾਉਣ ਵਾਲੀ ਸੰਸਥਾ ਹੈ।

ਕੈਨੇਡਾ ਵਿੱਚ ਹਕੂਮਤ ਕਰਨ ਦੇ ਮੁੱਢਲੇ ਸਿਧਾਂਤਾਂ ਨੂੰ ਕੌਂਸਟੀਚਿਊਸ਼ਨ ਐਕਟ, 1867 ਅਤੇ ਕੌਂਸਟੀਚਿਊਸ਼ਨ ਐਕਟ, 1982 ਵਿੱਚ ਤੈਅ ਕੀਤਾ ਗਿਆ ਹੈ। ਇਨ੍ਹਾਂ ਐਕਟਾਂ ਅਧੀਨ ਫ਼ੈਡਰਲ ਸਰਕਾਰ ਅਤੇ ਸੂਬਾਈ ਸਰਕਾਰਾਂ ਦੀ ਜ਼ਿੰਮੇਵਾਰੀ ਦੇ ਵੱਖੋ-ਵੱਖ ਖੇਤਰ ਹਨ, ਪਰ ਸਰਕਾਰ ਦੇ ਦੋਵੇਂ ਪੱਧਰ ਬਰਤਾਨੀਆ ਦੇ ਸੰਸਦੀ ਲੋਕਤੰਤਰ ਵਾਲੇ ਮਾਡਲ ’ਤੇ ਅਧਾਰਤ ਹਨ ਅਤੇ ਫ਼ੈਸਲੇ ਲੈਣ ਲਈ ਉਸੇ ਤਰ੍ਹਾਂ ਦੀ ਪ੍ਰਕ੍ਰਿਆ ਦੀ ਪਾਲਣਾ ਕਰਦੇ ਹਨ।

## ਪਾਰਲੀਮੈਂਟ (ਸੰਸਦ)

"ਪਾਰਲੀਮੈਂਟ" ਸ਼ਬਦ ਚੋਣਾਂ ਦੇ ਵਿਚਕਾਰ ਵਾਲੇ ਸਮੇਂ ਦੀ ਮਿਆਦ ਦਾ ਵਰਣਨ ਕਰਦਾ ਹੈ ਜਿਸ ਦੌਰਾਨ ਕੈਨੇਡਾ ਦੀ ਫ਼ੈਡਰਲ ਪਾਰਲੀਮੈਂਟ ਵਿੱਚ ਮੈਂਬਰ ਆਫ਼ ਪਾਰਲੀਮੈਂਟ (ਐੱਮ.ਪੀ.) ਜਾਂ ਬ੍ਰਿਟਿਸ਼ ਕੋਲੰਬੀਆ ਵਿੱਚ ਸੰਸਦ ਦੇ ਮੈਂਬਰ (ਐੱਮ.ਐੱਲ.ਏ.) ਆਪਣਾ ਕੰਮ ਕਰਦੇ ਹਨ। ਇਹ ਫ਼੍ਰਾਂਸੀਸੀ ਸ਼ਬਦ ਪਾਰਲੇ ਤੋਂ ਬਣਿਆ ਹੈ- ਜਿਸ ਦਾ ਅਰਥ ਹੁੰਦਾ ਹੈ ਬੋਲਣਾ। ਇੱਕ ਜਾਂ ਇੱਕ ਤੋਂ ਵੱਧ ਸੈਸ਼ਨ ਪਾਰਲੀਮੈਂਟ ਦਾ ਹਿੱਸਾ ਹੁੰਦੇ ਹਨ। ਇੱਕ ਸੈਸ਼ਨ ਕੁਝ ਦਿਨ ਜਾਂ ਸਾਲਾਂ ਤਕ ਚੱਲਦਾ ਰਹਿ ਸਕਦਾ ਹੈ। ਪਾਰਲੀਮੈਂਟ ਦਾ ਅੰਤ ਉਦੋਂ ਹੁੰਦਾ ਹੈ ਜਦੋਂ ਫ਼ੈਡਰਲ ਪੱਧਰ ’ਤੇ ਪ੍ਰਧਾਨ ਮੰਤਰੀ ਜਾਂ ਸੂਬਾਈ ਪੱਧਰ ’ਤੇ ਪ੍ਰੀਮੀਅਰ ਵੱਲੋਂ ਮਹਾਂਰਾਣੀ ਦੇ ਪ੍ਰਤੀਨਿਧੀ ਨੂੰ ਸੰਸਦ ਭੰਗ ਕਰਨ ਅਤੇ ਆਮ ਚੋਣਾਂ ਕਰਵਾਉਣ ਲਈ ਕਿਹਾ ਜਾਂਦਾ ਹੈ।

ਆਮ ਤੌਰ ’ਤੇ ਕੈਨੇਡਾ ਵਿੱਚ ਹਰ ਚਾਰ ਸਾਲ ਬਾਅਦ ਆਮ ਫ਼ੈਡਰਲ ਚੋਣਾਂ ਹੁੰਦੀਆਂ ਹਨ। ਬੀ.ਸੀ. ਵਿੱਚ ਸੂਬਾਈ ਸੰਵਿਧਾਨ ਐਕਟ ਅਧੀਨ ਵਿਧਾਨ ਸਭਾ ਅਸੈਂਬਲੀ ਦੀ ਵੱਧ ਤੋਂ ਵੱਧ ਮਿਆਦ ਚਾਰ ਸਾਲ ਤੈਅ ਕੀਤੀ ਗਈ ਹੈ। ਬੀ.ਸੀ. ਦੇ ਸੰਵਿਧਾਨ ਦੀ ਇੱਕ ਹੋਰ ਸ਼ਰਤ ਇਹ ਹੈ ਕਿ ਵਿਧਾਨ ਸਭਾ ਨੂੰ ਸਾਲ ਵਿਚ ਘੱਟੋ-ਘੱਟ ਇੱਕ ਵਾਰ ਜ਼ਰੂਰ ਮਿਲਣਾ ਚਾਹੀਦਾ ਹੈ। ਬ੍ਰਿਟਿਸ਼ ਕੋਲੰਬੀਆ ਦੀ ਵਿਧਾਨ ਸਭਾ ਆਮ ਤੌਰ ’ਤੇ ਫ਼ਰਵਰੀ ਤੋਂ ਮਈ ਤੱਕ ਬੈਠਦੀ ਹੈ ਅਤੇ ਪੱਤਝੜ ਰੁੱਤ ਦੌਰਾਨ ਵੀ ਦੋ ਮਹੀਨਿਆਂ ਤਕ ਬੈਠ ਸਕਦੀ ਹੈ। ਜਦੋਂ ਸੰਸਦ ਸੈਸ਼ਨ ਵਿਚ ਹੁੰਦੀ ਹੈ, ਉਦੋਂ ਪਾਰਲੀਮੈਂਟਰੀ ਕੈਲੰਡਰ ਵੀ ਰੋਜ਼ਾਨਾ ਬੈਠਕ ਦੇ ਸਮਿਆਂ ਦਾ ਸੰਕੇਤ ਦਿੰਦਾ ਹੈ।

## ਸਰਕਾਰ ਦੇ ਪੱਧਰ

ਫ਼ੈਡਰਲ ਸਰਕਾਰ ਦੇਸ਼ ਦੀ ਰਾਜਧਾਨੀ ਓਟਵਾ ਵਿੱਚ ਸਥਿਤ ਹੈ ਅਤੇ ਉਸ ਕੋਲ ਨੀਤੀ ਦੇ ਉਨ੍ਹਾਂ ਖੇਤਰਾਂ ਦਾ ਅਧਿਕਾਰ ਹੈ ਜਿਹੜੇ ਸਾਰੇ ਕੈਨੇਡਾ ਨੂੰ ਪ੍ਰਭਾਵਿਤ ਕਰਦੇ ਹਨ, ਜਿਵੇਂ ਕਿ ਬੈਂਕਿੰਗ, ਫੌਜਦਾਰੀ ਕਾਨੂੰਨ, ਵਿਦੇਸ਼ ਨੀਤੀ, ਰਾਸ਼ਟਰੀ ਸੁਰੱਖਿਆ ਅਤੇ ਨਾਗਰਿਕਤਾ।

ਬ੍ਰਿਟਿਸ਼ ਕੋਲੰਬੀਆ ਸੂਬੇ ਦੀ ਸਰਕਾਰ ਦੀ ਰਾਜਧਾਨੀ ਵਿਕਟੋਰੀਆ ਸ਼ਹਿਰ ਵਿੱਚ ਸਥਿਤ ਹੈ ਅਤੇ ਉਸ ਕੋਲ ਸਿੱਖਿਆ, ਸਿਹਤ ਸੰਭਾਲ, ਸਮਾਜਕ ਭਲਾਈ ਅਤੇ ਹਾਈਵੇਅ ਵਰਗੇ ਖੇਤਰਾਂ ਉੱਪਰ ਅਧਿਕਾਰ ਹੈ। ਇਹ ਕਿਸੇ ਸ਼ਹਿਰ, ਕਸਬੇ ਜਾਂ ਪਿੰਡ ਦਾ ਪ੍ਰਸ਼ਾਸਨ ਸਾਂਭਣ ਵਾਲੇ ਅਧਿਕਾਰੀਆਂ – ਸਥਾਨਕ ਸਰਕਾਰ ਦੇ ਚੁਣੇ ਹੋਏ ਮੇਅਰ ਅਤੇ ਕੌਂਸਿਲ – ਨੂੰ ਵੀ ਇਖ਼ਤਿਆਰ ਪ੍ਰਦਾਨ ਕਰਦੀ ਹੈ।

ਫ਼ੈਡਰਲ ਅਤੇ ਪ੍ਰੋਵਿੰਸ਼ੀਅਲ ਕਾਨੂੰਨ ਅਨੁਸਾਰ ਕਈ ਆਧੁਨਿਕ ਸੰਧੀਆਂ ਬ੍ਰਿਟਿਸ਼ ਕੋਲੰਬੀਆ ਵਿੱਚ ਫ਼ਸਟ ਨੇਸ਼ਨਜ਼ (ਮੂਲ ਨਿਵਾਸੀਆਂ) ਨੂੰ ਵਿਸ਼ੇਸ਼ ਭੂਗੋਲਿਕ ਖੇਤਰਾਂ ਉੱਤੇ ਸ਼ਾਸਨ ਪ੍ਰਦਾਨ ਕਰਦੀਆਂ ਹਨ।


*ਸੰਨ 1858 ਵਿੱਚ, ਮਹਾਰਾਣੀ ਵਿਕਟੋਰੀਆ ਨੇ ਕੈਨੇਡਾ ਦੇ ਪੱਛਮੀ ਤਟ ’ਤੇ ਬਰਤਾਨੀਆ ਦੀ ਨਵੀਂ ਬਸਤੀ ਲਈ ਬ੍ਰਿਟਿਸ਼ ਕੋਲੰਬੀਆ ਦਾ ਨਾਂ ਚੁਣਿਆ। “ਕੋਲੰਬੀਆ”ਦਾ ਭਾਵ ਕੋਲੰਬੀਆ ਦਰਿਆ ਤੋਂ ਹੈ ਜਿਸ ਦਾ ਇਹ ਨਾਂ ਅਮਰੀਕਨ ਵਪਾਰੀ ਰਾਬਰਟ ਗ੍ਰੇ ਨੇ ਰੱਖਿਆ ਸੀ ਜਿਸ ਨੇ ਸੰਨ 1792 ਵਿੱਚ ਕੋਲੰਬੀਆ ਰੇਡੀਵੀਵਾ ਨਾਂ ਦਾ ਆਪਣਾ ਸਮੁੰਦਰੀ ਜਹਾਜ਼ ਇਸ ਦਰਿਆ ਦੇ ਕੰਢੇ ’ਤੇ ਲਿਆਂਦਾ ਸੀ।*

ਨੀਤੀ ਦੇ ਕੁਝ ਖੇਤਰਾਂ ਉੱਪਰ ਫ਼ੈਡਰਲ ਅਤੇ ਸੂਬਾਈ, ਦੋਵੇਂ ਪੱਧਰ ਦੀਆਂ ਸਰਕਾਰਾਂ ਦੇ ਸਾਂਝੇ ਇਖ਼ਤਿਆਰ ਹਨ, ਪਰ ਜੇ ਕੋਈ ਮਤਭੇਦ ਖੜ੍ਹਾ ਹੋ ਜਾਵੇ ਤਾਂ ਫ਼ੈਡਰਲ ਕਾਨੂੰਨ ਲਾਗੂ ਹੁੰਦਾ ਹੈ।

ਦਸਾਂ ਸੂਬਿਆਂ ਅਤੇ ਤਿੰਨੋਂ ਟੈਰੇਟਰੀਆਂ ਵਿੱਚੋਂ ਹਰ ਇੱਕ ਕੋਲ ਇਕਲੌਤੀ ਵਿਧਾਨ ਸਭਾ ਹੈ– ਕਾਨੂੰਨ ਬਣਾਉਣ ਵਾਲਾ ਜਾਂ ਇਕਲੌਤਾ ਵਿਧਾਨਕ ਚੈਂਬਰ। ਕੈਨੇਡਾ ਦੀ ਪਾਰਲੀਮੈਂਟ ਕੋਲ ਦੋ ਸਦਨ ਹਨ: ਚੁਣੇ ਹੋਏ ਮੈਂਬਰਾਂ ਦਾ ਇੱਕ ਸਦਨ ਜਿਸ ਨੂੰ ਹਾਊਸ ਆਫ਼ ਕਾਮਨਜ਼ ਕਿਹਾ ਜਾਂਦਾ ਹੈ, ਅਤੇ ਦੂਜਾ ਸਦਨ ਜਿਸ ਨੂੰ ਸੈਨੇਟ ਕਿਹਾ ਜਾਂਦਾ ਹੈ। ਸੈਨੇਟਰਾਂ ਨੂੰ ਪ੍ਰਧਾਨ ਮੰਤਰੀ ਦੀ ਸਲਾਹ ’ਤੇ ਗਵਰਨਰ ਜਨਰਲ ਦੁਆਰਾ ਨਿਯੁਕਤ ਕੀਤਾ ਜਾਂਦਾ ਹੈ।

*ਕਨੇਡੀਅਨ ਹਾਊਸ ਆਫ਼ ਕਾਮਨਜ਼ ਲਈ ਚੁਣੇ ਗਏ ਵਿਅਕਤੀਆਂ ਨੂੰ ਮੈਂਬਰ ਆਫ਼ ਪਾਰਲੀਮੈਂਟ ਜਾਂ ਐੱਮ.ਪੀ. ਕਿਹਾ ਜਾਂਦਾ ਹੈ। ਬ੍ਰਿਟਿਸ਼ ਕੋਲੰਬੀਆ ਦੀ ਵਿਧਾਨ ਸਭਾ ਲਈ ਚੁਣੇ ਜਾਣ ਵਾਲੇ ਵਿਅਕਤੀਆਂ ਨੂੰ ਮੈਂਬਰ ਆਫ਼ ਲੈਜਿਸਲੇਟਿਵ ਅਸੈਂਬਲੀ ਜਾਂ ਐੱਮ.ਐੱਲ.ਏ. (ਵਿਧਾਇਕ) ਕਿਹਾ ਜਾਂਦਾ ਹੈ।*

# ਕੈਨੇਡਾ ਦਾ ਨਕਸ਼ਾ




## ਬ੍ਰਿਟਿਸ਼ ਕੋਲੰਬੀਆ ਸੰਨ 1871 ਵਿੱਚ ਕੈਨੇਡਾ ਦਾ ਸੂਬਾ ਬਣਿਆ ਸੀ

## ਸਰਕਾਰ ਦੀ ਸੰਸਦੀ ਪ੍ਰਣਾਲੀ

ਕਿਸੇ ਵੀ ਸੰਸਦੀ ਪ੍ਰਣਾਲੀ ਵਾਲੀ ਸਰਕਾਰ ਵਿੱਚ ਤਿੰਨ ਭਾਗ ਜਾਂ ਸ਼ਾਖਾਵਾਂ ਹੁੰਦੀਆਂ ਹਨ। ਕਾਰਜਕਾਰੀ ਸ਼ਾਖਾ ਨੀਤੀਆਂ ਬਣਾਉਂਦੀ ਹੈ ਅਤੇ ਕਾਨੂੰਨਾਂ ਦੀ ਵਿਵਸਥਾ ਕਰਦੀ ਹੈ। ਵਿਧਾਨਕ ਸ਼ਾਖਾ ਕ੍ਰਾਊਨ ਦੀ ਮਨਜ਼ੂਰੀ ਨਾਲ ਕਾਨੂੰਨਾਂ ਬਾਰੇ ਵਿਚਾਰ-ਚਰਚਾ ਕਰਕੇ ਉਨ੍ਹਾਂ ਵਿੱਚ ਸੋਧਾਂ ਕਰਦੀ ਹੈ ਅਤੇ ਕਾਨੂੰਨਾਂ ਨੂੰ ਪਾਸ ਕਰਦੀ ਹੈ। ਇਹ ਸਰਕਾਰੀ ਖ਼ਰਚਿਆਂ ਦੀ ਸਮੀਖਿਆ ਵੀ ਕਰਦੀ ਹੈ ਅਤੇ ਉਨ੍ਹਾਂ ਖ਼ਰਚਿਆਂ ਲਈ ਮਨਜ਼ੂਰੀ ਵੀ ਦਿੰਦੀ ਹੈ ਅਤੇ ਸਰਕਾਰ ਦੀ ਕਾਰਗੁਜ਼ਾਰੀ ਦਾ ਨਿਰੀਖਣ ਵੀ ਕਰਦੀ ਹੈ। ਨਿਆਇਕ ਸ਼ਾਖਾ ਕਾਨੂੰਨਾਂ ਦੀ ਤਰਜਮਾਨੀ ਕਰਦੀ ਹੈ ਅਤੇ ਉਨ੍ਹਾਂ ਨੂੰ ਲਾਗੂ ਕਰਦੀ ਹੈ।

ਕੈਨੇਡਾ ਵਿੱਚ ਸਰਕਾਰ ਦੀ ਸੰਸਦੀ ਪ੍ਰਣਾਲੀ ਹੈ ਜਿਸ ਅਧੀਨ ਕਾਰਜਕਾਰੀ ਅਤੇ ਵਿਧਾਨਿਕ ਸ਼ਾਖਾਵਾਂ ਵਿਚਕਾਰ ਸ਼ਕਤੀਆਂ ਦੀ ਕੋਈ ਅਲੱਗ ਵੰਡ ਨਹੀਂ ਹੁੰਦੀ। ਇਸ ਦਾ ਅਰਥ ਹੈ ਕਿ ਕਾਰਜਕਾਰੀ ਕਾਊਂਸਲ, ਜਿਸ ਨੂੰ ਕੈਬਿਨੇਟ (ਮੰਤਰੀ ਮੰਡਲ) ਵੀ ਕਿਹਾ ਜਾਂਦਾ ਹੈ, ਆਮ ਤੌਰ ’ਤੇ ਵਿਧਾਨ ਸਭਾ ਦੀ ਸੇਵਾ ਲਈ ਚੁਣੇ ਗਏ ਮਰਦਾਂ ਅਤੇ ਔਰਤਾਂ ਨਾਲ ਹੀ ਬਣਾਈ ਜਾਂਦੀ ਹੈ। ਕੈਬਿਨੇਟ ਦਾ ਆਪਣੇ ਫ਼ੈਸਲਿਆਂ ਅਤੇ ਕਾਰਵਾਈਆਂ ਲਈ ਚੁਣੇ ਹੋਏ ਵਿਧਾਨਿਕ ਚੈਂਬਰ ਪ੍ਰਤੀ ਜਵਾਬਦੇਹ ਹੋਣ ਦਾ ਵਿਚਾਰ ਜ਼ਿੰਮੇਵਾਰ ਸਰਕਾਰ ਦੀ ਪਰਿਭਾਸ਼ਾ ਦਾ ਇੱਕ ਅਨਿੱਖੜਵਾਂ ਪਹਿਲੂ ਹੈ।



ਕ੍ਰਾਊਨ

ਕਾਰਜਕਾਰੀ ਸ਼ਾਖਾ | ਵਿਧਾਨਕ ਸ਼ਾਖਾ | ਨਿਆਇਕ ਸ਼ਾਖਾ



## ਸਰਕਾਰ ਦੀਆਂ ਸ਼ਾਖਾਵਾਂ

ਕ੍ਰਾਊਨ


- ਨਿਆਇਕ ਸ਼ਾਖਾ
  - ਫ਼ੈਡਰਲ
    - ਸੁਪਰੀਮ ਕੋਰਟ ਆਫ਼ ਕੈਨੇਡਾ
    - ਫ਼ੈਡਰਲ ਕੋਰਟ ਆਫ਼ ਕੈਨੇਡਾ
    - ਟੈਕਸ ਕੋਰਟ ਆਫ਼ ਕੈਨੇਡਾ
  - ਬੀ.ਸੀ.
    - ਬੀ.ਸੀ. ਕੋਰਟ ਆਫ਼ ਅਪੀਲ
    - ਸੁਪਰੀਮ ਕੋਰਟ ਆਫ਼ ਬੀ.ਸੀ.
    - ਬੀ.ਸੀ. ਪ੍ਰੋਵਿੰਸ਼ੀਅਲ ਕੋਰਟ
- ਵਿਧਾਨਕ ਸ਼ਾਖਾ
  - ਫ਼ੈਡਰਲ
    - ਸੈਨੇਟ
    - ਹਾਊਸ ਆਫ਼ ਕਾਮਨਜ਼
  - ਬੀ.ਸੀ.
    - ਵਿਧਾਨ ਸਭਾ
- ਕਾਰਜਕਾਰੀ ਸ਼ਾਖਾ
  - ਫ਼ੈਡਰਲ
    - ਗਵਰਨਰ ਜਨਰਲ
    - ਪ੍ਰਧਾਨ ਮੰਤਰੀ
    - ਕੈਬਿਨੇਟ (ਮੰਤਰੀ ਮੰਡਲ)
    - ਪਬਲਿਕ ਸਰਵਿਸ
  - ਬੀ.ਸੀ.
    - ਲੈਫ਼ਟੀਨੈਂਟ ਗਵਰਨਰ
    - ਪ੍ਰੀਮੀਅਰ
    - ਕੈਬੀਨੇਟ (ਮੰਤਰੀ ਮੰਡਲ)
    - ਪਬਲਿਕ ਸਰਵਿਸ

ਇਸ ਦੇ ਉਲਟ, ਕੈਨੇਡਾ ਵਿੱਚ ਅਦਾਲਤਾਂ ਸਰਕਾਰ ਦੀਆਂ ਕਾਰਜਕਾਰੀ ਅਤੇ ਵਿਧਾਨਕ ਸ਼ਾਖਾਵਾਂ ਤੋਂ ਸੁਤੰਤਰ ਅਤੇ ਵੱਖਰੇ ਢੰਗ ਨਾਲ ਕੰਮ ਕਰਦੀਆਂ ਹਨ। ਕੈਨੇਡਾ ਦੇ ਸੰਵਿਧਾਨ ਤਹਿਤ, ਨਿਆਂ ਪ੍ਰਬੰਧ ਲਈ ਫ਼ੈਡਰਲ ਸਰਕਾਰ ਅਤੇ ਸੂਬੇ, ਦੋਵੇਂ ਜ਼ਿੰਮੇਵਾਰ ਹਨ। ਕਾਨੂੰਨ ਮੁਤਾਬਕ ਆਪਣੇ ਨਿਆਇਕ ਫ਼ਰਜ਼ ਅਦਾ ਕਰਨ ਤੋਂ ਇਲਾਵਾ ਅਦਾਲਤਾਂ ਦੀ ਪਾਰਲੀਮੈਂਟ ਜਾਂ ਵੋਟਰਾਂ ਪ੍ਰਤੀ ਕੋਈ ਜ਼ਿੰਮੇਵਾਰੀ ਨਹੀਂ ਹੁੰਦੀ। ਬ੍ਰਿਟਿਸ਼ ਕੋਲੰਬੀਆ ਵਿੱਚ ਅਦਾਲਤਾਂ ਦੋ ਮਹੱਤਵਪੂਰਣ ਭੂਮਿਕਾਵਾਂ ਨਿਭਾਉਂਦੀਆਂ ਹਨ: ਕਾਨੂੰਨਾਂ ਦੀ ਤਰਜਮਾਨੀ ਕਰਨਾ ਅਤੇ ਉਨ੍ਹਾਂ ਨੂੰ ਲਾਗੂ ਕਰਨਾ। ਸਰਕਾਰ ਦੀ ਸਾਡੀ ਸੰਸਦੀ ਪ੍ਰਣਾਲੀ ਵਿੱਚ ਅਦਾਲਤਾਂ ਇਹ ਯਕੀਨੀ ਬਣਾਉਣ ਵਿੱਚ ਸਹਾਈ ਹੁੰਦੀਆਂ ਹਨ ਕਿ ਸਰਕਾਰੀ ਕਾਰਵਾਈ ਕਾਨੂੰਨੀ ਅਤੇ ਸੰਵਿਧਾਨਿਕ ਇਖ਼ਤਿਆਰ ’ਤੇ ਅਧਾਰਤ ਹੈ।

ਕੈਨੇਡਾ ਇੱਕ ਸੰਵਿਧਾਨਕ ਰਾਜਤੰਤਰ ਹੈ। ਰਾਣੀ ਮੁਲਕ ਦੀ ਮੁਖੀ ਅਤੇ ਫ਼ੈਡਰਲ ਪੱਧਰ ’ਤੇ ਪ੍ਰਧਾਨ ਮੰਤਰੀ ਅਤੇ ਸੂਬਾਈ ਪੱਧਰ ’ਤੇ ਪ੍ਰੀਮੀਅਰ ਸਰਕਾਰ ਦੇ ਮੁਖੀ ਦੀਆਂ ਭੂਮਿਕਾਵਾਂ ਨਿਭਾਉਂਦੇ ਹਨ। ਅਮਰੀਕਾ ਦੇ ਰਾਸ਼ਟਰਪਤੀ ਤੋਂ ਉਲਟ, ਕੈਨੇਡਾ ਵਿੱਚ ਪ੍ਰਧਾਨ ਮੰਤਰੀ ਅਤੇ ਪ੍ਰੀਮੀਅਰ ਲੋਕ ਸਭਾ/ਵਿਧਾਨ ਸਭਾ ਦੇ ਚੁਣੇ ਹੋਏ ਨੁਮਾਇੰਦਿਆਂ ਦੇ ਰੂਪ ਵਿੱਚ ਵੀ ਸੇਵਾ ਨਿਭਾਉਂਦੇ ਹਨ। ਅਮਰੀਕਾ ਦਾ ਰਾਸ਼ਟਰਪਤੀ ਅਮਰੀਕਾ ਦੀ ਕਾਂਗਰੇਸ ਵਿੱਚ ਚੁਣਿਆ ਮੈਂਬਰ ਨਹੀਂ ਹੁੰਦਾ।



*ਬ੍ਰਿਟਿਸ਼ ਕੋਲੰਬੀਆ ਵਿੱਚ ਸੰਸਦੀ ਇਤਿਹਾਸ 12 ਅਗਸਤ 1856 ਤੋਂ ਅਰੰਭ ਹੋਇਆ ਸੀ ਜੋ ਕਿ ਵੈਨਕੂਵਰ ਆਈਲੈਂਡ ਦੀ ਕਲੋਨੀ ਦੀ ਪਹਿਲੀ ਅਸੈਂਬਲੀ ਦੇ ਪਹਿਲੇ ਸਦਨ ਦਾ ਪਹਿਲਾ ਦਿਨ ਸੀ।*





# ਮਹਾਰਾਣੀ ਅਤੇ ਉਨ੍ਹਾਂ ਦੇ ਨੁਮਾਇੰਦੇ

ਕੈਨੇਡਾ ਦੇ ਰਾਜਭਾਗ ਦੀ ਮੁਖੀ ਮਹਾਰਾਣੀ ਐਲਿਜ਼ਾਬੈਥ II, ਕੈਨੇਡਾ ਦੀ ਰਾਣੀ ਹਨ। ਉਨ੍ਹਾਂ ਦੀ ਗ਼ੈਰ ਹਾਜ਼ਰੀ ਵਿੱਚ ਗਵਰਨਰ ਜਨਰਲ ਆਫ਼ ਕੈਨੇਡਾ ਵੱਲੋਂ ਰਾਜਭਾਗ ਦੇ ਮੁਖੀ ਵਜੋਂ ਸੇਵਾ ਨਿਭਾਈ ਜਾਂਦੀ ਹੈ। ਰਾਣੀ ਦੀ ਪ੍ਰਿਵੀ ਕਾਊਂਸਲ (ਰਾਜ ਭਾਗ ਦੇ ਮਸਲਿਆਂ ਵਿੱਚ ਸਲਾਹ ਦੇਣ ਵਾਲੇ ਵਿਸ਼ਵਾਸਯੋਗ ਵਿਅਕਤੀਆਂ ਦਾ ਸਮੂਹ) ਦੀ ਸਲਾਹ ’ਤੇ, ਰਾਣੀ ਦੁਆਰਾ ਪੰਜ ਸਾਲ ਜਾਂ ਇਸ ਤੋਂ ਵੱਧ ਦੀ ਮਿਆਦ ਲਈ ਨਿਯੁਕਤ ਕੀਤੇ ਲੈਫ਼ਟੀਨੈਂਟ ਗਵਰਨਰ ਦਸ ਸੂਬਿਆਂ ਵਿੱਚੋਂ ਹਰ ਸੂਬੇ ਵਿੱਚ ਰਾਣੀ ਦੀ ਪ੍ਰਤੀਨਿਧਤਾ ਕਰਦੇ ਹਨ।

ਲੈਫ਼ਟੀਨੈਂਟ ਗਵਰਨਰ ਵੱਲੋਂ ਇਹ ਯਕੀਨੀ ਬਣਾਇਆ ਜਾਂਦਾ ਹੈ ਕਿ ਸੂਬੇ ਦੀ ਵਿਧਾਨ ਸਭਾ ਵਿੱਚ ਹਰ ਵੇਲ਼ੇ ਇੱਕ ਸਮਰੱਥ ਸਰਕਾਰ ਮੌਜੂਦ ਹੋਵੇ। ਪ੍ਰੀਮੀਅਰ ਦੀ ਸਲਾਹ ਮੁਤਾਬਕ, ਲੈਫ਼ਟੀਨੈਂਟ ਗਵਰਨਰ ਵੱਲੋਂ ਕਾਰਜਕਾਰੀ ਕੌਂਸਲ ਦੀ ਨਿਯੁਕਤੀ ਕੀਤੀ ਜਾਂਦੀ ਹੈ, ਕਾਰਜਕਾਰੀ ਕੌਂਸਲ ਦੇ ਆਦੇਸ਼ਾਂ ਨੂੰ ਮਨਜ਼ੂਰੀ ਦਿੱਤੀ ਜਾਂਦੀ ਹੈ ਅਤੇ ਉਨ੍ਹਾਂ ਉੱਪਰ ਹਸਤਾਖਰ ਕੀਤੇ ਜਾਂਦੇ ਹਨ ਅਤੇ ਬਿਲ ਦੇ ਕਾਨੂੰਨ ਬਣਨ ਦਾ ਐਲਾਨ ਕਰਨ ਲਈ ਸ਼ਾਹੀ ਪ੍ਰਵਾਨਗੀ (ਰੌਇਲ ਅਸੈਂਟ) ਦਿੱਤੀ ਜਾਂਦੀ ਹੈ। ਲੈਫ਼ਟੀਨੈਂਟ ਗਵਰਨਰ ਵੱਲੋਂ ਨਵੀਂ ਸੰਸਦ ਨੂੰ ਤਲਬ, ਸਭਾ ਨੂੰ ਅਣਮਿੱਥੇ ਸਮੇਂ ਲਈ ਸਥਗਿਤ ਅਤੇ ਸੰਸਦ ਨੂੰ ਭੰਗ ਵੀ ਕੀਤਾ ਜਾਂਦਾ ਹੈ ਜਿਸ ਕਾਰਣ ਸੂਬਾਈ ਆਮ ਚੋਣਾਂ ਦਾ ਐਲਾਨ ਹੋ ਜਾਂਦਾ ਹੈ।

*ਕੈਨੇਡਾ ਵਿੱਚ ਕਰਾਊਨ (ਰਾਜਗੱਦੀ) ਦੇ ਨਾਂ ’ਤੇ ਰਾਜਭਾਗ ਦੇ ਨਾਂ ਦਾ ਨਿੱਜੀਕਰਨ ਕੀਤਾ ਗਿਆ ਹੈ। ਉਦਾਹਰਣ ਵਜੋਂ, ਕੈਨੇਡਾ ਜਾਂ ਕਿਸੇ ਸੂਬੇ ਦੀ ਮਲਕੀਅਤ ਵਾਲੀ ਜ਼ਮੀਨ ਨੂੰ “ਕਰਾਊਨ ਦੀ ਜ਼ਮੀਨ” ਕਿਹਾ ਜਾਂਦਾ ਹੈ ਜਿਸ ਦਾ ਅਧਿਕਾਰ ਪੱਤਰ ਮਹਾਰਾਣੀ ਦੇ ਨਾਂ ਅਧੀਨ ਹੁੰਦਾ ਹੈ।*

ਇਸ ਤੋਂ ਇਲਾਵਾ, ਸੂਬੇ ਦੇ ਰਸਮੀ ਸਮਾਗਮਾਂ ਵਿੱਚ ਲੈਫ਼ਟੀਨੈਂਟ ਗਵਰਨਰ ਵੱਲੋਂ ਰਾਣੀ ਦੀ ਪ੍ਰਤੀਨਿਧਤਾ ਕੀਤੀ ਜਾਂਦੀ ਹੈ। ਉਹ ਅਨੇਕਾਂ ਸੇਵਾ ਕਲੱਬਾਂ ਅਤੇ ਅਕਸਰ ਵਿੱਦਿਅਕ ਜਾਂ ਸਭਿਆਚਾਰਕ ਕਿਸਮ ਦੀਆਂ ਹੋਰਨਾ ਐਸੋਸੀਏਸ਼ਨਾਂ ਅਤੇ ਸੁਸਾਇਟੀਆਂ ਦੇ ਸਰਪ੍ਰਸਤ ਜਾਂ ਸਨਮਾਨਿਤ ਪ੍ਰਧਾਨ ਵਜੋਂ ਵੀ ਸੇਵਾ ਨਿਭਾਉਂਦਾ/ਨਿਭਾਉਂਦੀ ਹੈ।



*ਵਿਕਟੋਰੀਆ ਵਿੱਚ ਸਥਿਤ ਗਵਰਨਮੈਂਟ ਹਾਊਸ ਬੀ.ਸੀ. ਦੇ ਲੈਫ਼ਟੀਨੈਂਟ ਗਵਰਨਰ ਦੀ ਸਰਕਾਰੀ ਰਿਹਾਇਸ਼ ਹੈ। ਰੀਤ ਪੱਖੋਂ ਬ੍ਰਿਟਿਸ਼ ਕੋਲੰਬੀਆ ਦੇ ਸਾਰੇ ਲੋਕਾਂ ਦਾ ਇਹ ਘਰ ਸੰਨ 1865 ਤੋਂ ਉਸੇ ਥਾਂ 'ਤੇ ਸਥਿਤ ਹੈ ਅਤੇ ਭਿਅੰਕਰ ਅੱਗਾਂ ਕਾਰਣ ਇਸ ਨੂੰ ਦੋ ਵਾਰ ਮੁੜ ਉਸਾਰਿਆ ਗਿਆ ਸੀ। ਇਸ ਰਾਸ਼ਟਰੀ ਇਤਿਹਾਸਕ ਅਸਥਾਨ ਵਿਖੇ ਸਥਿਤ ਮੈਦਾਨ ਸੂਰਜ ਚੜ੍ਹਨ ਤੋਂ ਲੈ ਕੇ ਸੂਰਜ ਅਸਤ ਹੋਣ ਤਕ ਯਾਤਰੀਆਂ ਲਈ ਖੁੱਲ੍ਹੇ ਰਹਿੰਦੇ ਹਨ ਜਿੱਥੇ ਆ ਕੇ ਉਹ 14.6 ਹੈਕਟੇਅਰ ਦੇ ਬਾਗ ਅਤੇ ਜੰਗਲਾਂ ਦੀ ਸੈਰ ਕਰ ਸਕਦੇ ਹਨ।*



*"ਬਲੈਕ ਰੌਡ" ਇੱਕ ਰੀਤੀਬੱਧ ਰਾਜ-ਡੰਡਾ ਹੈ ਜਿਸ ਨੂੰ ਸਾਲ 2012 ਵਿੱਚ ਮਹਾਰਾਣੀ ਐਲਿਜ਼ਾਬੈਥ II, ਕੈਨੇਡਾ ਦੀ ਮਹਾਰਾਣੀ ਦੇ ਰਾਜ ਦੀ ਡਾਇਮੰਡ ਜੁਬਲੀ (ਸੱਠ ਸਾਲ) ਦੇ ਪ੍ਰਤੀਕ ਵਜੋਂ ਬਣਾਇਆ ਗਿਆ ਸੀ। 600 ਸਾਲ ਪੁਰਾਣੀ ਵੈਸਟਮਿੰਸਟਰ ਪਾਰਲੀਮੈਂਟਰੀ ਪਰੰਪਰਾ 'ਤੇ ਅਧਾਰਤ, ਬਲੈਕ ਰੌਡ ਦੀ ਵਰਤੋਂ ਰਸਮੀ ਮੌਕਿਆਂ ਤੇ ਕੀਤੀ ਜਾਂਦੀ ਹੈ ਜਦੋਂ ਬਾਦਸ਼ਾਹ ਜਾਂ ਉਸ ਦੇ ਸੂਬਾਈ ਪ੍ਰਤੀਨਿਧ, ਲੈਫ਼ਟੀਨੈਂਟ ਗਵਰਨਰ, ਬ੍ਰਿਟਿਸ਼ ਕੋਲੰਬੀਆ ਦੀ ਵਿਧਾਨ ਸਭਾ ਵਿਚ ਮੌਜੂਦ ਹੁੰਦੇ ਹਨ।*

# ਪ੍ਰਧਾਨ ਮੰਤਰੀ ਅਤੇ ਪ੍ਰੀਮੀਅਰ

ਕੈਨੇਡਾ ਵਿੱਚ, ਪ੍ਰਧਾਨ ਮੰਤਰੀ ਜਾਂ ਪ੍ਰੀਮੀਅਰ ਸਿੱਧੇ ਜਨਤਾ ਦੁਆਰਾ ਨਹੀਂ ਚੁਣੇ ਜਾਂਦੇ। ਸਗੋਂ, ਹੁਕਮਰਾਨ ਪਾਰਟੀ ਦਾ ਲੀਡਰ ਸਰਕਾਰ ਦਾ ਮੁਖੀ ਬਣ ਜਾਂਦਾ ਹੈ: ਓਟਵਾ ਵਿੱਚ ਫ਼ੈਡਰਲ ਪੱਧਰ 'ਤੇ ਪ੍ਰਧਾਨ ਮੰਤਰੀ, ਜਾਂ ਸੂਬਾਈ ਪੱਧਰ 'ਤੇ ਪ੍ਰੀਮੀਅਰ। ਬੀ.ਸੀ. ਵਿੱਚ, ਆਮ ਤੌਰ 'ਤੇ ਇਸ ਦਾ ਮਤਲਬ ਹੈ ਕਿ ਪ੍ਰੀਮੀਅਰ ਨੇ 87 ਹਲਕਿਆਂ ਵਿੱਚੋਂ ਕਿਸੇ ਇੱਕ ਵਿੱਚ ਚੋਣ ਜਿੱਤੀ ਹੈ ਅਤੇ ਉਹ ਵਿਧਾਨ ਸਭਾ ਦੇ ਮੈਂਬਰ ਹਨ। ਇੱਕ ਵਿਧਾਇਕ ਹੋਣ ਦੇ ਨਾਤੇ, ਪ੍ਰੀਮੀਅਰ ਵਿਧਾਨ ਸਭਾ ਵਿੱਚ ਸਵਾਲਾਂ ਦੇ ਜਵਾਬ ਦੇਣ ਜਾਂ ਬਹਿਸ ਵਿੱਚ ਹਿੱਸਾ ਲੈਣ ਲਈ ਨਿਯਮਿਤ ਤੌਰ 'ਤੇ ਆਉਂਦੇ ਹਨ।

ਕਨੇਡੀਅਨ ਸਰਕਾਰ ਦਾ ਮੁਖੀ ਆਪਣੀ ਸੰਸਦ ਦੀ ਸਹਿਮਤੀ ਨਾਲ ਸਾਸ਼ਨ ਕਰਦਾ ਹੈ। ਸਾਡੀ ਸੰਸਦੀ ਲੋਕਤੰਤਰ ਪ੍ਰਣਾਲੀ ਅਧੀਨ ਵਿਧਾਨ ਸਭਾ ਵਿੱਚ ਸਰਕਾਰਾਂ ਨੂੰ ਬਹੁਗਿਣਤੀ ਮੈਂਬਰਾਂ ਦਾ ਸਮਰਥਨ ਹਾਸਲ ਹੋਣਾ ਚਾਹੀਦਾ ਹੈ। ਜਦੋਂ ਸੂਬਾਈ ਚੋਣਾਂ ਵਿੱਚ ਇੱਕੋ ਸਿਆਸੀ ਪਾਰਟੀ ਸਭਾ ਵਿਚਲੀਆਂ ਬਹੁਤੀਆਂ ਸੀਟਾਂ ਜਿੱਤ ਜਾਂਦੀ ਹੈ ਤਾਂ ਇਸ ਦੇ ਨਤੀਜੇ ਵਜੋਂ ਬਹੁਮਤ ਵਾਲੀ ਸਰਕਾਰ ਬਣਦੀ ਹੈ। ਘੱਟ ਗਿਣਤੀ ਸਰਕਾਰ ਉਦੋਂ ਬਣਦੀ ਹੈ ਜਦੋਂ ਹੁਕਮਰਾਨ ਪਾਰਟੀ ਨੂੰ ਚੋਣਾਂ ਵਿੱਚ ਬਹੁਮਤ ਹਾਸਲ ਨਹੀਂ ਹੁੰਦਾ ਪਰ ਉਸ ਨੂੰ ਸਭਾ ਵਿਚਲੇ ਬਹੁਗਿਣਤੀ ਮੈਂਬਰਾਂ ਦਾ ਸਮਰਥਨ ਮਿਲ ਜਾਂਦਾ ਹੈ। ਜੇ ਉਹ ਚੁਣੇ ਗਏ ਨੁਮਾਇੰਦਿਆਂ ਦੇ ਬਹੁਮਤ ਤੋਂ ਸਮਰਥਨ ਹਾਸਲ ਕਰਨ ਦੀ ਸਥਿਤੀ ਵਿੱਚ ਨਾ ਰਹੇ ਤਾਂ ਉਸ ਦੀ ਸਰਕਾਰ ਦਾ ਡਿੱਗਣਾ ਲਾਜ਼ਮੀ ਹੁੰਦਾ ਹੈ।



## ਕਾਰਜਕਾਰੀ ਕਾਊਂਸਲ

ਸਰਕਾਰ ਦੀ ਨੀਤੀ ਸਥਾਪਤ ਕਰਨ ਅਤੇ ਸਰਕਾਰੀ ਸੇਵਾਵਾਂ ਦੇ ਪ੍ਰਸ਼ਾਸਨ ਦੀ ਜ਼ਿੰਮੇਵਾਰੀ ਲਈ ਗਵਰਨਰ ਜਨਰਲ ਜਾਂ ਲੈਫ਼ਟੀਨੈਂਟ ਗਵਰਨਰ ਦੁਆਰਾ ਪ੍ਰਧਾਨ ਮੰਤਰੀ ਜਾਂ ਪ੍ਰੀਮੀਅਰ ਦੀ ਸਲਾਹ 'ਤੇ ਪ੍ਰਤੀਨਿਧਾਂ ਦਾ ਇੱਕ ਸਮੂਹ ਨਿਯੁਕਤ ਕੀਤਾ ਜਾਂਦਾ ਹੈ ਜਿਸ ਨੂੰ ਕਾਰਜਕਾਰੀ ਕਾਊਂਸਲ ਕਿਹਾ ਜਾਂਦਾ ਹੈ। ਸੂਬਾਈ ਅਤੇ ਖੇਤਰੀ ਸਰਕਾਰਾਂ ਵਿੱਚ ਕਾਰਜਕਾਰੀ ਕਾਊਂਸਲ ਨੂੰ ਅਕਸਰ ਕੈਬਿਨੇਟ (ਮੰਤਰੀ ਮੰਡਲ) ਕਿਹਾ ਜਾਂਦਾ ਹੈ।

ਪ੍ਰੀਮੀਅਰ ਕਾਰਜਕਾਰੀ ਕਾਊਂਸਲ ਦਾ ਪ੍ਰਧਾਨ ਹੁੰਦਾ/ਹੁੰਦੀ ਹੈ ਅਤੇ ਆਮ ਤੌਰ 'ਤੇ ਹੁਕਮਰਾਨ ਪਾਰਟੀ ਦੇ ਵਿਧਾਇਕਾਂ ਵਿੱਚੋਂ ਕੈਬਿਨੇਟ ਮੰਤਰੀਆਂ ਦੀ ਚੋਣ ਕਰਦਾ/ਕਰਦੀ ਹੈ। ਇਨ੍ਹਾਂ ਮੰਤਰੀਆਂ ਨੂੰ ਕ੍ਰਾਊਨ ਦੇ ਮੰਤਰੀ ਵੀ ਕਿਹਾ ਜਾਂਦਾ ਹੈ।

ਹਰ ਮੰਤਰੀ ਆਪੋ-ਆਪਣੇ ਮੰਤਰਾਲੇ ਜਾਂ ਸਰਕਾਰੀ ਵਿਭਾਗ ਦੀ ਨੀਤੀ ਦੀ ਦਿਸ਼ਾ ਨਿਰਧਾਰਤ ਕਰਨ ਲਈ ਜ਼ਿੰਮੇਵਾਰ ਹੁੰਦਾ/ਹੁੰਦੀ ਹੈ। ਮੰਤਰੀ ਆਪਣੇ ਮੰਤਰਾਲੇ ਤਹਿਤ ਨਵੇਂ ਕਾਨੂੰਨ ਪੇਸ਼ ਕਰ ਸਕਦੇ ਹਨ ਜਾਂ ਮੌਜੂਦਾ ਕਾਨੂੰਨਾਂ ਵਿੱਚ ਤਬਦੀਲੀ ਲਈ ਤਜਵੀਜ਼ ਕਰ ਸਕਦੇ ਹਨ। ਮੰਤਰਾਲੇ ਦੇ ਰੋਜ਼ਾਨਾ ਕੰਮ-ਕਾਜ ਸਥਾਈ ਸਰਕਾਰੀ ਮੁਲਾਜ਼ਮਾਂ ਵੱਲੋਂ ਕੀਤੇ ਜਾਂਦੇ ਹਨ।

*ਵਿਧਾਨਕ ਸ਼ਬਦ "ਕੈਬਿਨੇਟ" ਇਸ ਸ਼ਬਦ ਦੀ ਪੁਰਾਣੀ ਪਰਿਭਾਸ਼ਾ ਤੋਂ ਆਉਂਦਾ ਹੈ, ਜਿਸ ਦਾ ਅਰਥ ਹੈ ਇੱਕ ਛੋਟਾ ਕਮਰਾ ਜਾਂ ਅਲਮਾਰੀ। ਸਮੇਂ ਦੇ ਨਾਲ ਇਸ ਦਾ ਇਹ ਮਤਲਬ ਹੋ ਨਿਬੜਿਆ ਕਿ ਲੋਕਾਂ ਦਾ ਇੱਕ ਸਮੂਹ ਜੋ ਸਰਕਾਰ ਦੇ ਮਹੱਤਵਪੂਰਣ ਮੁੱਦਿਆਂ ਬਾਰੇ ਚਰਚਾ ਕਰਨ ਲਈ ਗੁਪਤ ਮੁਲਾਕਾਤ ਕਰਦੇ ਹਨ। 17ਵੀਂ ਸਦੀ ਦੌਰਾਨ, ਬ੍ਰਿਟਿਸ਼ ਬਾਦਸ਼ਾਹ ਦੇ ਸਭ ਤੋਂ ਵੱਧ ਤਜਰਬੇਕਾਰ ਅਤੇ ਭਰੋਸੇਮੰਦ ਸਲਾਹਕਾਰਾਂ ਨੇ ਇੱਕ ਕਮੇਟੀ ਦੀ ਸਥਾਪਨਾ ਕੀਤੀ ਜਿਸ ਨੇ ਹੌਲੀ-ਹੌਲੀ ਕਾਰਜਕਾਰੀ ਫ਼ੈਸਲਿਆਂ ਦਾ ਕਾਰਜ ਪ੍ਰਿਵੀ ਕਾਊਂਸਲ ਤੋਂ ਸੰਭਾਲ ਲਿਆ। ਇਸ ਸਮੂਹ ਦਾ ਨਾਂ ਕੈਬਿਨੇਟ ਹੋ ਨਿਬੜਿਆ। ਬਾਦਸ਼ਾਹ ਨੇ ਕੈਬਿਨੇਟ ਦੀਆਂ ਮੀਟਿੰਗਾਂ ਦੀ ਪ੍ਰਧਾਨਗੀ ਸੰਨ 1717 ਤਕ ਕੀਤੀ ਪਰ ਫਿਰ ਜਾਰਜ ਨੇ ਸਿੰਘਾਸਣ ਸੰਭਾਲ ਲਿਆ। ਕਿਉਂਕਿ ਉਸ ਨੂੰ ਅੰਗਰੇਜ਼ੀ ਬੋਲਣੀ ਨਹੀਂ ਆਉਂਦੀ ਸੀ, ਉਸ ਨੇ ਕੈਬਿਨੇਟ ਦੀਆਂ ਮੀਟਿੰਗਾਂ ਵਿੱਚ ਹਿੱਸਾ ਲੈਣ ਤੋਂ ਕਿਨਾਰਾ ਕਰ ਲਿਆ। ਸਗੋਂ, ਕੈਬਿਨੇਟ ਮੰਤਰੀਆਂ ਵਿੱਚ ਇੱਕ ਮੰਤਰੀ ਨੂੰ ਮੀਟਿੰਗਾਂ ਦੀ ਅਗਵਾਈ ਕਰਨ ਲਈ ਨਿਯੁਕਤ ਕੀਤਾ ਜਾਂਦਾ ਸੀ ਅਤੇ ਇਹੋ ਅਹੁਦਾ ਪ੍ਰਧਾਨ ਮੰਤਰੀ ਦਾ ਦਫ਼ਤਰ ਬਣਿਆ। ਸਰਕਾਰ ਦੀ ਨੀਤੀ ਅਤੇ ਸਰਕਾਰੀ ਸੇਵਾਵਾਂ ਦੇ ਪ੍ਰਬੰਧਨ ਲਈ ਅਜੋਕੀ ਫ਼ੈਡਰਲ ਕੈਬਿਨੇਟ ਵਿੱਚ ਹੁਕਮਰਾਨ ਪਾਰਟੀ ਦੇ ਚੋਣਵੇਂ ਮੈਂਬਰ ਹੁੰਦੇ ਹਨ ਅਤੇ ਪ੍ਰਧਾਨ ਮੰਤਰੀ ਵੱਲੋਂ ਇਸ ਦੀ ਅਗਵਾਈ ਕੀਤੀ ਜਾਂਦੀ ਹੈ।*

# ਬ੍ਰਿਟਿਸ਼ ਕੋਲੰਬੀਆ ਦੀ ਵਿਧਾਨ ਸਭਾ

ਕੈਨੇਡਾ ਵਿੱਚ, ਵਿਧਾਨਕ ਚੈਂਬਰ ਵਿੱਚ ਸੇਵਾ ਨਿਭਾਉਣ ਵਾਲੇ ਵਿਅਕਤੀਆਂ ਨੂੰ ਚੁਣਨ ਲਈ "ਫ਼ਰਸਟ-ਪਾਸਟ-ਦਾ-ਪੋਸਟ" ਪ੍ਰਣਾਲੀ ਦੀ ਵਰਤੋਂ ਕੀਤੀ ਜਾਂਦੀ ਹੈ। ਸੂਬਾਈ ਆਮ ਚੋਣਾਂ ਲਈ, ਬ੍ਰਿਟਿਸ਼ ਕੋਲੰਬੀਆ ਨੂੰ 87 ਵਿਧਾਨ ਸਭਾ ਹਲਕਿਆਂ ਜਾਂ ਰਾਈਡਿੰਗਜ਼ ਵਿੱਚ ਵੰਡਿਆ ਗਿਆ ਹੈ। ਹਰ ਹਲਕੇ ਵਿੱਚ ਵੋਟਰ ਆਪਣੀ ਤਰਫੋਂ ਬੋਲਣ ਲਈ ਇੱਕ ਐੱਮ.ਐੱਲ.ਏ. ਦੀ ਚੋਣ ਕਰਦੇ ਹਨ। ਹਲਕੇ ਵਿੱਚ ਜਿਸ ਨੂੰ ਸਭ ਤੋਂ ਵੱਧ ਵੋਟਾਂ ਮਿਲਦੀਆਂ ਹਨ ਉਹ ਜਿੱਤ ਜਾਂਦਾ ਹੈ, ਭਾਵੇਂ ਉਨ੍ਹਾਂ ਨੂੰ ਕੁੱਲ ਵੋਟਾਂ ਵਿੱਚੋਂ ਬਹੁਮਤ ਨਾ ਵੀ ਮਿਲਿਆ ਹੋਵੇ। ਚੋਣਾਂ ਵਿੱਚ ਖੜ੍ਹੇ ਹੋਣ ਵਾਲੇ ਜ਼ਿਆਦਾਤਰ ਉਮੀਦਵਾਰ ਕਿਸੇ ਸਿਆਸੀ ਪਾਰਟੀ ਨਾਲ ਸੰਬੰਧਤ ਹੁੰਦੇ ਹਨ, ਪਰ ਆਜ਼ਾਦ ਉਮੀਦਵਾਰ ਵੀ ਚੋਣਾਂ ਵਿੱਚ ਖੜ੍ਹੇ ਹੋ ਸਕਦੇ ਹਨ।

*ਆਪਣੀ ਚੋਣ ਤੋਂ ਬਾਅਦ, ਐੱਮ.ਐੱਲ.ਏ. ਸਦਨ ਵਿੱਚ ਪਾਰਟੀ ਬਦਲ ਸਕਦੇ ਹਨ ਜਾਂ ਕਿਸੇ ਹੋਰ ਪਾਰਟੀ ਦੇ ਮੈਂਬਰ ਬਣਨ ਦਾ ਫ਼ੈਸਲਾ ਕਰ ਸਕਦੇ ਹਨ। ਇਸ ਨੂੰ "ਦਲ ਬਦਲਣਾ" ਕਿਹਾ ਜਾਂਦਾ ਹੈ। ਐੱਮ.ਐੱਲ.ਏ. ਕਿਸੇ ਵੀ ਪਾਰਟੀ ਨਾਲ ਆਪਣਾ ਸੰਬੰਧ ਖ਼ਤਮ ਕਰਕੇ ਆਜ਼ਾਦ ਮੈਂਬਰ ਦੇ ਰੂਪ ਵਿੱਚ ਬੈਠਣ ਦਾ ਫ਼ੈਸਲਾ ਵੀ ਕਰ ਸਕਦੇ ਹਨ।*

ਚੁਣੇ ਹੋਏ 87 ਵਿਧਾਇਕ ਲੈਫ਼ਟੀਨੈਂਟ ਗਵਰਨਰ ਨਾਲ ਬ੍ਰਿਟਿਸ਼ ਕੋਲੰਬੀਆ ਦੀ ਵਿਧਾਨ ਸਭਾ ਦਾ ਗਠਨ ਕਰਦੇ ਹਨ। ਵਿਧਾਨ ਸਭਾ (ਜਿਸ ਨੂੰ ਸਦਨ ਵੀ ਕਿਹਾ ਜਾਂਦਾ ਹੈ) ਬ੍ਰਿਟਿਸ਼ ਕੋਲੰਬੀਆ ਦੇ ਲੋਕਾਂ ਉੱਪਰ ਸਾਸ਼ਨ ਕਰਨ ਵਾਲੇ ਕਾਨੂੰਨਾਂ ਉੱਪਰ ਬਹਿਸ ਕਰਨ ਅਤੇ ਉਨ੍ਹਾਂ ਕਾਨੂੰਨਾਂ ਨੂੰ ਪਾਸ ਕਰਨ ਲਈ ਰਾਜਧਾਨੀ ਵਿਕਟੋਰੀਆ ਦੀਆਂ ਸੰਸਦੀ ਇਮਾਰਤਾਂ ਵਿੱਚ ਬੈਠਕ ਕਰਦੀ ਹੈ।



ਐੱਮ.ਐੱਲ.ਏ. ਸਰਕਾਰ ਦੇ ਮੈਂਬਰਾਂ ਜਾਂ ਵਿਰੋਧੀ ਧਿਰ ਦੇ ਮੈਂਬਰਾਂ ਵਜੋਂ ਵਿਧਾਨ ਸਭਾ ਵਿੱਚ ਸੇਵਾ ਨਿਭਾਉਂਦੇ ਹਨ। ਸਰਕਾਰੀ ਐੱਮ.ਐੱਲ.ਏ. ਉਸ ਪਾਰਟੀ ਦੇ ਮੈਂਬਰ ਹੁੰਦੇ ਹਨ ਜਿਹੜੀ ਪਾਰਟੀ ਨੇ ਆਮ ਚੋਣਾਂ ਵਿੱਚ ਸਭ ਤੋਂ ਵੱਧ ਸੀਟਾਂ ਜਿੱਤੀਆਂ ਹੁੰਦੀਆਂ ਹਨ। ਦੂਜੇ ਨੰਬਰ 'ਤੇ ਸਭ ਤੋਂ ਵੱਧ ਸੀਟਾਂ ਜਿੱਤਣ ਵਾਲੀ ਪਾਰਟੀ ਸਰਕਾਰੀ ਵਿਰੋਧੀ ਧਿਰ ਅਖਵਾਉਂਦੀ ਹੈ। ਹੋਰਨਾਂ ਸਿਆਸੀ ਪਾਰਟੀਆਂ ਦੇ ਐੱਮ.ਐੱਲ.ਏ. ਅਤੇ ਆਜ਼ਾਦ ਐੱਮ.ਐੱਲ.ਏ. ਵੀ ਵਿਰੋਧੀ ਧਿਰ ਦਾ ਹਿੱਸਾ ਹੁੰਦੇ ਹਨ। ਸਰਕਾਰ ਦੇ ਕਾਰਜਾਂ ਅਤੇ ਮੌਜੂਦਾ ਨੀਤੀਆਂ ਲਈ ਬਦਲ ਪੇਸ਼ ਕਰਨਾ ਵਿਰੋਧੀ ਧਿਰ ਦੇ ਵਿਧਾਇਕਾਂ ਦੀ ਭੂਮਿਕਾ ਹੁੰਦੀ ਹੈ। ਜਿਹੜਾ ਐੱਮ.ਐੱਲ.ਏ. ਕੈਬਿਨੇਟ ਵਿੱਚ ਸ਼ਾਮਲ ਨਹੀਂ ਹੁੰਦਾ ਉਹ ਆਪਣੀ ਪਾਰਟੀ ਦੀ ਨੀਤੀ ਦੇ ਵਿਰੁੱਧ ਵੀ ਵੋਟ ਪਾ ਸਕਦਾ ਹੈ, ਪਰ ਆਮ ਤੌਰ 'ਤੇ ਮੈਂਬਰ ਆਪਣੇ ਸਹਿਕਰਮੀਆਂ ਨਾਲ ਰਲ਼ ਕੇ ਹੀ ਵੋਟ ਪਾਉਂਦੇ ਹਨ।

ਜਦੋਂ ਸੰਸਦ ਸੈਸ਼ਨ ਵਿੱਚ ਹੁੰਦਾ ਹੈ, ਉਦੋਂ ਵਿਧਾਇਕ ਸਦਨ ਵਿਚ ਪੇਸ਼ ਕੀਤੇ ਗਏ ਸਾਰੇ ਪ੍ਰਸਤਾਵਿਤ ਕਾਨੂੰਨਾਂ (ਜਿਨ੍ਹਾਂ ਨੂੰ ਬਿਲ ਕਿਹਾ ਜਾਂਦਾ ਹੈ) ਦਾ ਅਧਿਐਨ ਕਰਨ, ਬਹਿਸ ਕਰਨ ਅਤੇ ਵੋਟ ਪਾਉਣ ਲਈ ਜ਼ਿੰਮੇਵਾਰ ਹੁੰਦੇ ਹਨ। ਇਸ ਤੋਂ ਇਲਾਵਾ, ਉਹ ਸਰਕਾਰ ਦੇ ਬਜਟ ਖ਼ਰਚਿਆਂ ਦੇ ਪ੍ਰਸਤਾਵ (ਜਿਨ੍ਹਾਂ ਨੂੰ ਅੰਦਾਜ਼ਾ ਕਿਹਾ ਜਾਂਦਾ ਹੈ) ਦੀ ਛਾਣਬੀਣ ਕਰਦੇ ਅਤੇ ਮਨਜ਼ੂਰੀ ਦਿੰਦੇ ਹਨ, ਅਤੇ ਉਹ ਸਰਕਾਰ ਦੀਆਂ ਯੋਜਨਾਵਾਂ ਅਤੇ ਗਤੀਵਿਧੀਆਂ ਬਾਰੇ ਸਵਾਲ ਪੁੱਛਦੇ ਹਨ।

ਸਦਨ ਵਿੱਚ ਆਪਣੇ ਹਲਕੇ ਦੇ ਲੋਕਾਂ ਦੇ ਵਿਚਾਰਾਂ ਨੂੰ ਪੇਸ਼ ਕਰਨਾ ਅਤੇ ਉਨ੍ਹਾਂ ਨਾਲ ਸੰਬੰਧਤ ਸਥਾਨਕ ਮੁੱਦਿਆਂ ਨੂੰ ਉਠਾਉਣਾ ਵੀ ਇੱਕ ਹੋਰ ਮਹੱਤਵਪੂਰਣ ਢੰਗ ਹੈ ਜਿਸ ਰਾਹੀਂ ਐੱਮ.ਐੱਲ.ਏ. ਆਪਣੇ ਹਲਕੇ ਦੇ ਲੋਕਾਂ ਨੂੰ ਸੇਵਾ ਪ੍ਰਦਾਨ ਕਰਦੇ ਹਨ। ਐੱਮ.ਐੱਲ.ਏ. ਜਨਤਾ ਅਤੇ ਸਰਕਾਰ ਵਿਚਕਾਰ ਇੱਕ ਮਹੱਤਵਪੂਰਣ ਸੰਬੰਧ ਬਣਾਉਂਦੇ ਹਨ ਅਤੇ ਸਰਕਾਰੀ ਪ੍ਰੋਗਰਾਮਾਂ ਅਤੇ ਏਜੰਸੀਆਂ ਤਕ ਪਹੁੰਚ ਕਰਨ ਵਿੱਚ ਆਪੋ-ਆਪਣੇ ਹਲਕਿਆਂ ਦੇ ਲੋਕਾਂ ਦੀ ਮਦਦ ਕਰਦੇ ਹਨ।

ਸਰਬ ਪਾਰਟੀ ਸੰਸਦੀ ਸਮਿਤੀ ’ਤੇ ਸੇਵਾ ਨਿਭਾਉਂਦੇ ਹੋਏ ਸਰਕਾਰ ਅਤੇ ਵਿਰੋਧੀ ਧਿਰਾਂ ਦੇ ਮੈਂਬਰਾਂ (ਪਰ ਕੈਬਿਨੇਟ ਮੈਂਬਰ ਨਹੀਂ) ਨੂੰ ਵਿੱਤ ਜਾਂ ਸਿਹਤ ਜਿਹੇ ਕਿਸੇ ਵਿਸ਼ੇਸ਼ ਨੀਤੀ ਵਾਲੇ ਖੇਤਰ ਵੱਲ ਗ਼ੌਰ ਨਾਲ ਧਿਆਨ ਦੇਣ ਦਾ ਮੌਕਾ ਮਿਲਦਾ ਹੈ। ਕੁਝ ਪਾਰਲੀਮਾਨੀ ਕਮੇਟੀਆਂ ਜਨਤਕ ਸਲਾਹ-ਮਸ਼ਵਰੇ ਕਰਦੀਆਂ ਹਨ, ਜਦੋਂ ਕਿ ਬਾਕੀ ਕਮੇਟੀਆਂ ਬਾਕਾਇਦਾ ਸਰਕਾਰ ਦੀਆਂ ਕਾਰਵਾਈਆਂ ਅਤੇ ਖ਼ਰਚਿਆਂ ਦੀ ਨਿਗਰਾਨੀ ਕਰਦੀਆਂ ਹਨ। ਸਾਰੀਆਂ ਸੰਸਦੀ ਕਮੇਟੀਆਂ ਸਦਨ ਨੂੰ ਆਪਣੇ ਕੰਮ ਦੀ ਰੀਪੋਰਟ ਦਿੰਦੀਆਂ ਹਨ।

*ਮੌਖਿਕ ਰੂਪ ਵਿੱਚ ਪੁੱਛੇ ਜਾਣ ਵਾਲੇ ਪ੍ਰਸ਼ਨ, ਜਿਸ ਨੂੰ "ਪ੍ਰਸ਼ਨ ਕਾਲ" ਵੀ ਕਿਹਾ ਜਾਂਦਾ ਹੈ, ਵਿਧਾਇਕਾਂ ਵੱਲੋਂ ਪ੍ਰੀਮੀਅਰ ਅਤੇ/ਜਾਂ ਕੈਬਿਨੇਟ ਮੰਤਰੀਆਂ ਤੋਂ ਤਾਬੜਤੋੜ ਸਵਾਲ ਪੁੱਛਣ ਲਈ 30-ਮਿੰਟਾਂ ਦਾ ਸਮਾਂ ਹੁੰਦਾ ਹੈ। ਸਦਨ ਦੀ ਹੋਰ ਸਾਰੀ ਕਾਰਵਾਈ ਵਾਂਗ, ਪ੍ਰਸ਼ਨ ਕਾਲ ਮੀਡੀਆ ਅਤੇ ਜਨਤਾ ਲਈ ਖੁੱਲ੍ਹਾ ਹੁੰਦਾ ਹੈ ਅਤੇ ਗੈਲਰੀਆਂ ਅਕਸਰ ਦਰਸ਼ਕਾਂ ਨਾਲ ਭਰੀਆਂ ਹੁੰਦੀਆਂ ਹਨ।*



## ਸਪੀਕਰ

ਕਨੇਡੀਅਨ ਪਾਰਲੀਮੈਂਟਾਂ ਵਿੱਚ ਸਪੀਕਰ ਇੱਕ ਪ੍ਰਮੁੱਖ ਹਸਤੀ ਹੈ। ਬੀ.ਸੀ. ਵਿੱਚ ਸੰਸਦ ਦਾ ਨਵਾਂ ਅਜਲਾਸ ਸ਼ੁਰੂ ਹੋਣ 'ਤੇ ਜਾਂ ਮੌਜੂਦਾ ਸਪੀਕਰ ਵੱਲੋਂ ਕਦੇ ਵੀ ਅਸਤੀਫ਼ਾ ਦੇਣ, ਰਿਟਾਇਰ ਹੋਣ ਜਾਂ ਉਸ ਦੀ ਮੌਤ ਹੋਣ ਕਾਰਣ ਅਸਾਮੀ ਖ਼ਾਲੀ ਹੋਣ 'ਤੇ ਸਾਰੇ ਐੱਮ.ਐੱਲ.ਏ. ਗੁਪਤ ਵੋਟਿੰਗ ਰਾਹੀਂ ਸਪੀਕਰ ਦੀ ਚੋਣ ਕਰਦੇ ਹਨ। ਪ੍ਰੀਮੀਅਰ ਅਤੇ ਕੈਬਿਨੇਟ ਮੰਤਰੀਆਂ ਤੋਂ ਇਲਾਵਾ ਬਾਕੀ ਸਾਰੇ ਵਿਧਾਇਕ ਬ੍ਰਿਟਿਸ਼ ਕੋਲੰਬੀਆ ਦੀ ਵਿਧਾਨ ਸਭਾ ਵਿੱਚ ਸਪੀਕਰ ਬਣ ਸਕਦੇ ਹਨ।

ਸਪੀਕਰ ਦੀ ਭੂਮਿਕਾ ਬਹਿਸ ਦੌਰਾਨ ਪ੍ਰਧਾਨਗੀ ਅਤੇ "ਰੈਫ਼ਰੀ" ਦੇ ਤੌਰ 'ਤੇ ਕੰਮ ਕਰਨ ਅਤੇ ਇਹ ਯਕੀਨੀ ਬਣਾਉਣ ਦੀ ਹੈ ਕਿ ਸਦਨ ਵਿੱਚ ਵਿਹਾਰ ਅਤੇ ਪ੍ਰਕਿਰਿਆ ਦੇ ਸਥਾਪਿਤ ਨਿਯਮਾਂ ਦੀ ਪਾਲਣਾ ਹੋਵੇ। ਇਹ ਯਕੀਨੀ ਬਣਾਉਣਾ ਸਪੀਕਰ ਦੀ ਜ਼ਿੰਮੇਵਾਰੀ ਹੈ ਕਿ ਸਾਰੇ ਵਿਧਾਇਕਾਂ ਨਾਲ ਦਿਆਨਤਦਾਰੀ ਅਤੇ ਨਿਰਪੱਖਤਾ ਵਾਲਾ ਸਲੂਕ ਕੀਤਾ ਜਾਵੇ, ਭਾਵੇਂ ਉਹ ਕਿਸੇ ਵੀ ਪਾਰਟੀ ਨਾਲ ਸਬੰਧਤ ਹੋਣ। ਸਪੀਕਰ ਬਹਿਸਾਂ ਵਿੱਚ ਹਿੱਸਾ ਨਹੀਂ ਲੈਂਦਾ, ਨਿਰਪੱਖ ਰਹਿੰਦਾ ਹੈ ਅਤੇ ਸਿਰਫ਼ ਟਾਈ-ਤੋੜਨ ਲਈ ਹੀ ਵੋਟ ਪਾਉਂਦਾ ਹੈ। ਸਦਨ ਦਾ ਕਲਰਕ ਸਪੀਕਰ ਦੀ ਮਦਦ ਕਰਦਾ ਹੈ। ਇਹ ਕਲਰਕ ਬੀ.ਸੀ. ਦੀ ਵਿਧਾਨ ਸਭਾ ਦਾ ਪੱਕਾ ਸੀਨੀਅਰ ਅਧਿਕਾਰੀ ਹੁੰਦਾ ਹੈ। ਸਦਨ ਦਾ ਕਲਰਕ ਸਪੀਕਰ ਨੂੰ ਸੰਸਦੀ ਕਾਰਜਨੀਤੀ ਬਾਰੇ ਸਲਾਹ ਦਿੰਦਾ ਹੈ ਅਤੇ ਹਰ ਸਮੇਂ ਗੈਰ-ਪੱਖਪਾਤੀ ਰਹਿੰਦਾ ਹੈ।






ਸਪੀਕਰ ਸੰਨ 1377 ਤੋਂ ਬ੍ਰਿਟਿਸ਼ ਸੰਸਦੀ ਪ੍ਰਣਾਲੀ ਦਾ ਹਿੱਸਾ ਰਿਹਾ ਹੈ। ਸ਼ੁਰੂ-ਸ਼ੁਰੂ ਵਿੱਚ ਸਪੀਕਰ ਰਾਜੇ ਜਾਂ ਰਾਣੀ ਤਕ ਸੰਸਦ ਦੇ ਸੁਨੇਹੇ – ਅਕਸਰ ਸ਼ਿਕਾਇਤਾਂ ਅਤੇ ਉਲਾਂਭੇ – ਲਿਜਾਣ ਲਈ ਜ਼ਿੰਮੇਵਾਰ ਹੁੰਦਾ ਸੀ। ਕਈ ਵਾਰੀ ਬਾਦਸ਼ਾਹ ਨੂੰ ਕੁਝ ਸੁਨੇਹੇ ਪਸੰਦ ਨਹੀਂ ਆਉਂਦੇ ਸਨ ਅਤੇ ਇਸ ਕਾਰਣ ਨੇ ਸਪੀਕਰਾਂ ਨੂੰ ਹਿੰਸਕ ਮੌਤ ਦਾ ਸਾਹਮਣਾ ਕਰਨਾ ਪਿਆ। ਇਸ ਕਾਰਣ ਇਹ ਗੱਲ ਸਮਝ ਆਉਂਦੀ ਹੈ ਕਿ ਅੱਜ-ਕੱਲ੍ਹ ਸਪੀਕਰ ਵਜੋਂ ਚੁਣੇ ਜਾਣ ਵਾਲੇ ਮੈਂਬਰ ਸਪੀਕਰ ਦੀ ਕੁਰਸੀ ਉੱਪਰ ਬੈਠਣ ਤੋਂ ਝਿਜਕਣ ਦਾ ਦਿਖਾਵਾ ਕਿਉਂ ਕਰਦੇ ਹਨ ਅਤੇ ਉਨ੍ਹਾਂ ਦੇ ਸਹਿਕਰਮੀ ਉਨ੍ਹਾਂ ਨੂੰ ਵਿਧਾਨਕ ਚੈਂਬਰ ਸਭਾ ਦੇ ਮੂਹਰੇ ਖਿੱਚ ਕੇ ਕਿਉਂ ਲਿਜਾਂਦੇ ਹਨ।



## ਨੋਟ



ISBN 978-0-7726-6473-0

LEGISLATIVE ASSEMBLY
*of* BRITISH COLUMBIA




www.leg.bc.ca